# ਪਸ਼ੂ ਖੁਰਾਕ ਇਕਾਈ ਬਣਾਉਣ, ਮਜ਼ਬੂਤ ਕਰਨ ਲਈ ਵਿੱਤੀ ਸਹਾਇਤਾ ਸੁਲੱਭ

ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐਚ ਆਈ ਡੀ ਐਫ) ਦੇ ਤਹਿਤ, ਭਾਰਤ ਸਰਕਾਰ ਦਾ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਪਸ਼ੂ ਖੁਰਾਕ ਉਤਪਾਦਨ ਇਕਾਈਆਂ ਦੀ ਸਥਾਪਨਾ ਜਾਂ ਮੌਜੂਦਾ ਇਕਾਈਆਂ ਦੀ ਮਜ਼ਬੂਤੀ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ। ਭਾਰਤ ਸਰਕਾਰ ਨੇ ਨਿਵੇਸ਼ ਨੂੰ ਹੁਲਾਰਾ ਦੇਣ ਲਈ ਆਤਮ ਨਿਰਭਰ ਭਾਰਤ ਅਭਿਆਨ ਪ੍ਰੋਤਸਾਹਨ ਪੈਕੇਜ ਦੇ ਤਹਿਤ ਏ ਐਚ ਆਈ ਡੀ ਐਫ, ਜਿਹੜੀ ਇੱਕ ਕੇਂਦਰੀ ਯੋਜਨਾ ਹੈ, ਦੀ ਸਥਾਪਨਾ ਕੀਤੀ ਹੈ।

ਏ ਐਚ ਆਈ ਡੀ ਐਫ ਅਧੀਨ ਪ੍ਰਾਜੈਕਟ, ਯੋਗ ਲਾਭਪਾਤਰੀਆਂ ਵੱਲੋਂ ਵਿਵਹਾਰਕ ਪ੍ਰਾਜੈਕਟਾਂ ਨੂੰ ਜਮ੍ਹਾ ਕਰਨ ਦੇ ਅਧਾਰ 'ਤੇ, ਅਨੁਸੂਚਿਤ ਬੈਂਕਾਂ ਤੋਂ ਅਨੁਮਾਨਿਤ/ਅਸਲ ਪ੍ਰੋਜੈਕਟ ਲਾਗਤ ਦੇ 90% ਤੱਕ ਕਰਜ਼ੇ ਲਈ ਯੋਗ ਹਨ।

ਸੂਖਮ ਅਤੇ ਛੋਟੀਆਂ ਇਕਾਈਆਂ ਦੇ ਲਈ ਸੂਖਮ, ਲਘੂ ਅਤੇ ਦਰਮਿਆਨੇ ਉੱਦਮ (ਐਮ ਐਸ ਐਮ ਈ) ਪਰਿਭਾਸ਼ਿਤ ਸੀਮਾ ਦੇ ਅਨੁਸਾਰ, ਲਾਭਪਾਤਰੀ ਦਾ ਯੋਗਦਾਨ ਕਰਜ਼ੇ ਦੀ ਰਕਮ ਦਾ 10% ਹੋ ਸਕਦਾ ਹੈ। ਮੱਧਮ ਉਦਯੋਗਾਂ ਲਈ, ਪਰਿਭਾਸ਼ਿਤ ਐਮ ਐਸ ਐਮ ਈ ਸੀਲਿੰਗ ਦੇ ਅਨੁਸਾਰ, ਲਾਭਪਾਤਰੀ ਯੋਗਦਾਨ 15% ਤੱਕ ਜਾ ਸਕਦਾ ਹੈ। ਉੱਦਮਾਂ ਦੀਆਂ ਹੋਰ ਸ਼੍ਰੇਣੀਆਂ ਵਿੱਚ ਲਾਭਪਾਤਰੀ ਯੋਗਦਾਨ 25% ਤੱਕ ਜਾ ਸਕਦਾ ਹੈ।

ਅਨੁਸੂਚਿਤ ਬੈਂਕ ਇਹ ਯਕੀਨੀ ਬਣਾਏਗਾ ਕਿ ਵੱਧ ਤੋਂ ਵੱਧ ਮੁੜ ਅਦਾਇਗੀ ਦੀ ਮਿਆਦ ਪਹਿਲੀ ਵੰਡ ਦੀ ਮਿਤੀ ਤੋਂ 10 ਸਾਲਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਿਸ ਵਿੱਚ ਮੁੱਖ ਰਕਮ ਦੀ ਮੁੜ ਅਦਾਇਗੀ 'ਤੇ ਦੋ ਸਾਲਾਂ ਦੀ ਰੋਕ ਸ਼ਾਮਲ ਹੈ।

## ਪਸ਼ੂ ਖੁਰਾਕ ਉਤਪਾਦਨ ਇਕਾਈਆਂ ਦੇ ਅਧੀਨ ਸ਼ਾਮਲ ਗਤੀਵਿਧੀਆਂ

ਯੋਗ ਸੰਸਥਾਵਾਂ ਹੇਠ ਲਿਖੀਆਂ ਸ਼੍ਰੇਣੀਆਂ ਦੀਆਂ ਪਸ਼ੂ ਖੁਰਾਕ ਉਤਪਾਦਨ ਇਕਾਈਆਂ ਦੀ ਸਥਾਪਨਾ ਜਾਂ ਮੌਜੂਦਾ ਇਕਾਈਆਂ ਦੀ ਮਜ਼ਬੂਤੀ ਲਈ ਵੀ ਲਾਭ ਲੈ ਸਕਦੀਆਂ ਹਨ:

- ਛੋਟੀ, ਦਰਮਿਆਨੀ ਅਤੇ ਵੱਡੀ ਪਸ਼ੂ ਖੁਰਾਕ ਇਕਾਈ ਦੀ ਸਥਾਪਨਾ
- ਕੁੱਲ ਮਿਸ਼ਰਤ ਰਾਸ਼ਨ ਬਲਾਕ ਬਣਾਉਣ ਵਾਲੀ ਇਕਾਈ
- ਬਾਈ ਪਾਸ ਪ੍ਰੋਟੀਨ ਇਕਾਈ
- ਖਣਿਜ ਮਿਸ਼ਰਣ ਪਲਾਂਟ
- ਮਿਆਰੀ ਸਾਈਲੇਜ ਬਣਾਉਣ ਵਾਲੀ ਇਕਾਈ

ਦਰਮਿਆਨਾ ਤੋਂ ਵੱਡੀਆਂ ਪਸ਼ੂ ਖੁਰਾਕ ਉਤਪਾਦਨ ਇਕਾਈਆਂ ਨੂੰ ਪਸ਼ੂ ਖੁਰਾਕ ਜਾਂਚ ਲੈਬਾਰਟਰੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਯੋਗ ਸੰਸਥਾਵਾਂ ਮੌਜੂਦਾ ਪਸ਼ੂ ਖੁਰਾਕ ਇਕਾਈ ਵਿੱਚ ਗੁਣਵੱਤਾ ਵਾਲੀ ਖੁਰਾਕ ਨੂੰ ਯਕੀਨੀ ਬਣਾਉਣ ਲਈ ਪਸ਼ੂ ਖੁਰਾਕ ਜਾਂਚ ਲੈਬਾਰਟਰੀ ਦੀ ਸਥਾਪਨਾ ਲਈ ਲਾਭ ਲੈ ਸਕਦੀਆਂ ਹਨ।

## ਏ ਐਚ ਆਈ ਡੀ ਐਫ ਦੇ ਤਹਿਤ ਲੋਨ ਲਈ ਯੋਗ ਲਾਭਪਾਤਰੀ

- ਕਿਸਾਨ ਉਤਪਾਦਕ ਸੰਗਠਨ (ਐਫ ਪੀ ਓ)
- ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐਮ ਐਸ ਐਮ ਈ)
- ਸੈਕਸ਼ਨ 8 ਕੰਪਨੀਆਂ
- ਨਿਜੀ ਕੰਪਨੀਆਂ
- ਵਿਅਕਤੀਗਤ ਉੱਦਮੀ

## ਲਾਭ

ਲਾਭਪਾਤਰੀਆਂ ਨੂੰ ਨਿਵੇਸ਼ ਵਜੋਂ ਘੱਟੋ-ਘੱਟ 10% ਮਾਰਜਿਨ ਮਨੀ ਦਾ ਯੋਗਦਾਨ ਦੇਣਾ ਪੈਂਦਾ ਹੈ। ਬਕਾਇਆ 90% ਅਨੁਸੂਚਿਤ ਬੈਂਕਾਂ ਰਾਹੀਂ ਉਪਲਬਧ ਕਰਾਇਆ ਜਾਣ ਵਾਲਾ ਕਰਜ਼ੇ ਦਾ ਹਿੱਸਾ ਹੈ।

ਭਾਰਤ ਸਰਕਾਰ ਯੋਗ ਲਾਭਪਾਤਰੀਆਂ ਨੂੰ 3% ਵਿਆਜ ਸਹਾਇਤਾ ਪ੍ਰਦਾਨ ਕਰੇਗੀ।

ਮੂਲ ਕਰਜ਼ੇ ਦੀ ਰਕਮ ਲਈ 2 ਸਾਲ ਦੀ ਰੋਕ ਹੋਵੇਗੀ ਅਤੇ ਉਸ ਤੋਂ ਬਾਅਦ 6 ਸਾਲ ਦੀ ਮੁੜ ਅਦਾਇਗੀ ਦੀ ਮਿਆਦ ਹੋਵੇਗੀ।

ਕ੍ਰੈਡਿਟ ਗਾਰੰਟੀ ਫੰਡ (ਸੀ ਜੀ ਐਫ) ਤੋਂ ਉਹਨਾਂ ਮੰਜ਼ੂਰਸ਼ੁਦਾ ਪ੍ਰਾਜੈਕਟਾਂ ਨੂੰ ਕ੍ਰੈਡਿਟ ਗਾਰੰਟੀ ਪ੍ਰਦਾਨ ਕੀਤੀ ਜਾਵੇਗੀ ਜੋ ਐਮ ਐਸ ਐਮ ਈ ਪਰਿਭਾਸ਼ਿਤ ਸੀਮਾਵਾਂ ਦੇ ਅਧੀਨ ਆਉਂਦੇ ਹਨ। ਗਾਰੰਟੀ ਕਵਰੇਜ ਕਰਜ਼ਾ ਲੈਣ ਵਾਲੇ ਦੀ ਕ੍ਰੈਡਿਟ ਸਹੂਲਤ ਦੇ 25% ਤੱਕ ਹੋਵੇਗੀ।

**ਅਰਜ਼ੀ ਕਿਵੇਂ ਦੇਣੀ ਹੈ?**

ਪਸ਼ੂ ਖੁਰਾਕ ਉਤਪਾਦਨ ਇਕਾਈਆਂ ਦੀ ਸਥਾਪਨਾ ਜਾਂ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕਰਨ ਦਾ ਇਰਾਦਾ ਰੱਖਣ ਵਾਲੇ ਲਾਭਪਾਤਰੀਆਂ ਨੂੰ ਭਾਰਤੀ ਲਘੂ ਉਦਯੋਗ ਵਿਕਾਸ ਬੈਂਕ (ਸਿਡਬੀ) ਵੱਲੋਂ ਵਿਕਸਿਤ ਕੀਤੇ ਗਏ 'ਉੱਦਯਮੀ ਮਿੱਤਰ' ਪੋਰਟਲ https://ahidf.udyamimitra.in ਰਾਹੀਂ ਪੂਰੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਦੇ ਨਾਲ ਦਾਅਵਾ ਪੇਸ਼ ਕਰਨਾ ਹੋਵੇਗਾ।

ਅਨੁਸੂਚਿਤ ਬੈਂਕ, ਪ੍ਰਾਜੈਕਟ ਦੇ ਉਚਿਤ ਮੁਲਾਂਕਣ ਅਤੇ ਮਨਜ਼ੂਰੀ ਤੋਂ ਬਾਅਦ, ਔਨਲਾਈਨ ਵਿਧੀ ਰਾਹੀਂ ਵਿਆਜ ਸਹਾਇਤਾ ਦੀ ਪ੍ਰਵਾਨਗੀ ਲਈ ਅਰਜ਼ੀ/ਪ੍ਰੋਜੈਕਟ ਨੂੰ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਨੂੰ ਭੇਜੇਗਾ।